**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
**(ਕਾਲਜ ਸੈਕਸ਼ਨ)**

ਨੰ. 12290 /ਕਾਲਜਾਂ/ਸ-2
ਮਿਤੀ 13/2/24

**ਯਾਦ ਪੱਤਰ**

ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਸਮੂਹ,
ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ

ਵਿਸ਼ਾ:- ਸੈਸ਼ਨ 2023-2024 ਦੌਰਾਨ ਬੀ.ਐਡ. (2 ਸਾਲਾ) ਕੋਰਸ ਲਈ ਮੈਨਡੇਟਰੀ ਪ੍ਰੋਫਾਰਮਾ ਤਸਦੀਕ ਕਰਨ ਸਮੇਂ ਪ੍ਰਿੰਸੀਪਲ ਅਤੇ ਟੀਚਿੰਗ ਸਟਾਫ ਦੀ ਪੂਰਤੀ ਸਬੰਧੀ ਦਿੱਤੇ ਗਏ ਹਲਫੀਆ ਬਿਆਨ ਸਬੰਧੀ।

ਹਵਾਲਾ:- ਪੱਤਰ ਨੰ.10292/ਕਾਲਜਾਂ/ਸ-2, ਮਿਤੀ 18.09.2023 ਅਤੇ ਪੱਤਰ ਨੰ.11954, ਮਿਤੀ 08.01.2024 ਦੀ ਲਗਾਤਾਰਤਾ ਵਿਚ।

ਉੱਕਤ ਵਿਸ਼ਾ ਅਤੇ ਹਵਾਲਾ ਅਧੀਨ ਸੈਸ਼ਨ 2023-24 ਦੌਰਾਨ ਬੀ.ਐਡ. ਕੋਰਸਾ ਦੇ ਦਾਖਲਿਆਂ ਲਈ ਮੈਨਡੇਟਰੀ ਪ੍ਰੋਫਾਰਮਾਂ ਤਸਦੀਕ ਕਰਨ ਸਮੇਂ ਰੈਗੂਲਰ ਪ੍ਰਿੰਸੀਪਲ ਅਤੇ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਦਾ 2/3 ਹਿੱਸਾ ਯੂਨੀਵਰਸਿਟੀ ਨਿਯਮਾਂ ਅਨੁਸਾਰ (ਯੂਨੀਵਰਸਿਟੀ ਚੋਣ ਕਮੇਟੀ ਰਾਹੀਂ) ਕਰਨ ਲਈ ਕਾਲਜ ਮੈਨੇਜਮੈਂਟ ਵੱਲੋਂ ਹਲਫੀਆ ਬਿਆਨ ਦਿੱਤਾ ਗਿਆ ਸੀ। ਕਾਲਜਾਂ ਵੱਲੋਂ ਇਸ ਸਬੰਧੀ ਕੋਈ ਗੰਭੀਰਤਾ ਨਹੀਂ ਦਿਖਾਈ ਗਈ ਹੈ।

ਇਸ ਸਬੰਧੀ ਮੁੜ ਸੂਚਿਤ ਕੀਤਾ ਜਾਂਦਾ ਹੈ ਕਿ ਰੈਗੂਲਰ ਪ੍ਰਿੰਸੀਪਲ ਤੋਂ ਇਲਾਵਾ ਬੀ.ਐਡ. ਕੋਰਸ ਲਈ ਟੀਚਿੰਗ ਸਟਾਫ 2/3 ਹਿੱਸਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਨਿਯੁਕਤ ਕਰਕੇ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਐਸਾ ਨਾ ਕਰਨ ਦੀ ਸੂਰਤ ਵਿਚ ਯੂਨੀਵਰਸਿਟੀ ਵੱਲੋਂ ਬਣਦੀ ਅਨੁਸਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ।

ਇਸ ਦੇ ਨਾਲ ਲਿਖਿਆ ਜਾਂਦਾ ਹੈ ਕਿ ਮੈਨਡੇਟਰੀ ਪ੍ਰੋਫਾਰਮੇ ਦੇ ਨਾਲ ਹੇਠ ਲਿਖੇ ਅਨੁਸਾਰ ਦਸਤਾਵੇਜ਼ਾਂ ਦੇ ਦੋ ਸੈੱਟ ਵੀ ਜਮ੍ਹਾਂ ਕਰਵਾਏ ਜਾਣ।

1) ਕਾਲਜ ਸਬੰਧਤਾ ਪੱਤਰ
2) ਪੰਜਾਬ ਸਰਕਾਰ ਵੱਲੋਂ ਜਾਰੀ NOC
3) NCTE ਦੀ ਪ੍ਰਵਾਨਗੀ

ਅਧੂਰੇ ਪ੍ਰੋਫਾਰਮੇ ਸਵੀਕਾਰ ਨਹੀਂ ਕੀਤੇ ਜਾਣਗੇ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

Amarjit Kaur 13/2/24
ਨਿਗਰਾਨ (ਕਾਲਜਾਂ)